# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
3. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਡੀ.ਡੀ.ਓ
4. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋ ਨੰ: ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)/2021/੩੨੫੮੫੮/੨੫੨੫੯੬

ਮਿਤੀ: ੨੧.੦੧.੨੦੨੧

**ਵਿਸ਼ਾ:-ਬਦਲੀ ਦੇ ਹੁਕਮ ਰੱਦ ਕਰਨ ਤੇ ਡੀ-ਬਾਰ ਦੀ ਸ਼ਰਤ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਵਿਭਾਗ ਵਲੋਂ ਸਾਲ 2021 ਦੌਰਾਨ ਅਧਿਆਪਕਾਂ ਦੀਆਂ ਬਦਲੀਆਂ ਕੀਤੀਆਂ ਗਈਆਂ ਹਨ ਅਤੇ ਇਹਨਾ ਵਿਚੋਂ ਕਈ ਅਧਿਆਪਕਾਂ ਵਲੋਂ ਵੱਖ ਵੱਖ ਕਾਰਨ ਦਿੰਦੇ ਹੋਏ ਆਪਣੀ ਬਦਲੀ ਦੇ ਹੁਕਮ ਰੱਦ ਕਰਵਾਉਣ ਲਈ ਮੁੱਖ ਦਫਤਰ ਨੂੰ ਬੇਨਤੀਆਂ ਕੀਤੀਆਂ, ਜਿਸ ਤੇ ਕਾਰਵਾਈ ਕਰਦੇ ਹੋਏ ਵਿਭਾਗ ਵਲੋਂ ਕੇਵਲ ਉਹਨਾਂ ਅਧਿਆਪਕਾਂ ਦੀਆਂ ਬਦਲੀਆਂ ਰੱਦ ਕੀਤੀਆਂ ਗਈਆਂ ਹਨ ਜਿੰਨਾਂ ਦੀ ਅਸਾਮੀ ਜਿਸ ਤੋਂ ਬਦਲੀ ਹੋਈ ਹੈ ਅਜੇ ਵੀ ਖਾਲੀ ਹੈ ਅਤੇ ਵਾਧੂ ਨਹੀਂ ਹੈ ਅਤੇ ਨਾਲ ਹੀ ਇਹ ਸ਼ਰਤ ਲਗਾਈ ਗਈ ਕਿ ਇਹ ਅਧਿਆਪਕ ਅਗਲੇ ਤਿੰਨ ਸਾਲਾਂ ਲਈ ਬਦਲੀ ਲਈ ਡੀਬਾਰ ਕੀਤੇ ਜਾਂਦੇ ਹਨ।

2.0 ਵਿਭਾਗ ਨੂੰ ਵੱਖ ਵੱਖ ਅਧਿਆਪਕਾਂ ਵਲੋਂ ਬੇਨਤੀ ਕੀਤੀ ਗਈ ਹੈ ਕਿ ਬਦਲੀਆਂ ਦੀ ਪ੍ਰੀਕ੍ਰਿਆ ਆਨਲਾਈਨ ਹੈ ਅਤੇ ਉਹਨਾਂ ਵਲੋਂ ਜਿਸ ਸਟੇਸਨ ਤੇ ਬਦਲੀ ਹੋਈ ਹੈ ਉਹ ਗਲਤੀ ਨਾਲ ਭਰਿਆ ਗਿਆ ਜਿਸ ਤੇ ਉਹ ਜਾਣ ਦੇ ਇਛੁੱਕ ਨਹੀਂ ਹਨ ਜਾਂ ਇੱਕੋ ਨਾਮ ਦੇ ਦੋ ਸਕੂਲ ਹੋਣ ਕਾਰਨ ਉਹਨਾਂ ਵਲੋਂ ਉਹ ਸਟੇਸਨ ਭਰਿਆ ਗਿਆ ਜਿਸ ਤੇ ਉਹ ਬਦਲੀ ਕਰਵਾਉਣ ਦੇ ਇਛੁੱਕ ਨਹੀਂ ਹਨ। ਇਸ ਦੇ ਨਾਲ ਹੀ ਇਹ ਵੀ ਪਾਇਆ ਕਿ ਜਿੰਨਾਂ ਅਧਿਆਪਕਾਂ ਨੇ ਬਦਲੀ ਰੱਦ ਕਰਵਾਈ ਹੈ ਉਹਨਾਂ ਵਿੱਚ ਅਣਵਿਆਹੀਆਂ ਲੜਕੀਆਂ, ਨਵ ਵਿਆਹੁਤਾ ਅਧਿਆਪਕਾਵਾਂ ਅਤੇ ਕੁਝ ਹੈਂਡੀਕੈਪ ਅਧਿਆਪਕ ਵੀ ਹਨ।

3.0 ਉਪਰੋਕਤ ਨੂੰ ਮੁੱਖ ਰੱਖਦੇ ਹੋਏ ਵਿਭਾਗ ਵਲੋਂ ਬਦਲੀ ਰੱਦ ਕਰਵਾਉਣ ਤੇ ਡੀਬਾਰ ਦੀ ਸ਼ਰਤ ਬਾਰੇ ਮੁੜ ਹਮਦਰਦੀ ਨਾਲ ਵਿਚਾਰ ਕਰਦੇ ਹੋਏ ਇਹ ਫੈਸਲਾ ਕੀਤਾ ਗਿਆ ਕਿ ਸਾਲ 2021 ਦੌਰਾਨ ਜਿੰਨਾਂ ਅਧਿਆਪਕਾਂ ਨੇ ਬਦਲੀ ਰੱਦ ਕਰਵਾਈ ਹੈ ਉਹਨਾਂ ਦੇ ਬਦਲੀ ਰੱਦ ਕਰਨ ਦੇ ਹੁਕਮਾਂ ਵਿੱਚ ਬਦਲੀਆਂ ਲਈ ਅਗਲੇ ਤਿੰਨ ਸਾਲਾਂ ਲਈ ਡੀਬਾਰ ਕੀਤੇ ਜਾਣ ਦੀ ਸ਼ਰਤ ਨੂੰ ਹਟਾਇਆ ਜਾਂਦਾ ਹੈ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ**